ਤੱਥ ਸ਼ੀਟ

1

# ਬੀ ਸੀ ਦੇ ਮਾਪਿਆਂ ਲਈ ਤੱਥ ਸ਼ੀਟ

## ਪਲੈਨ ਦਾ ਪਰਿਵਾਰਾਂ ਲਈ ਕੀ ਅਰਥ ਹੈ

ਸਾਲ 2011 ਵਿਚ, ਕੋਲੀਸ਼ਨ ਆਫ ਚਾਇਲਡ ਕੇਅਰ ਐਡਵੋਕੇਟਸ ਅਤੇ ਅਰਲੀ ਚਾਇਲਡਹੁੱਡ ਐਜੂਕੇਟਰਜ਼ ਆਫ ਬੀ ਸੀ ਨੇ **ਅਗੇਤੀ ਸੰਭਾਲ ਅਤੇ ਸਿੱਖਿਆ ਦੇ ਏਕੀਕਰਨ ਦੇ ਸਰਕਾਰੀ ਸਿਸਟਮ ਲਈ ਕਮਿਊਨਟੀ ਪਲੈਨ** ਜਾਰੀ ਕੀਤੀ। ਛੋਟੇ ਬੱਚਿਆਂ ਵਾਲੇ ਪਰਿਵਾਰਾਂ ਨੂੰ ਚਾਇਲਡ ਕੇਅਰ (ਬੱਚਿਆਂ ਦੀ ਸੰਭਾਲ) ਦੇ ਜਿਸ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਬਾਰੇ ਇਹ ਪਲੈਨ 'ਬੀ ਸੀ ਵਿਚ ਬਣਿਆ' ਠੋਸ, ਨਵਾਂ ਹੱਲ ਪੇਸ਼ ਕਰਦੀ ਹੈ।

ਸਰਕਾਰ ਇਸ ਪਲੈਨ (ਯੋਜਨਾ) ਨੂੰ ਜੇ ਲਾਗੂ ਕਰਦੀ ਹੈ ਅਤੇ ਜਦੋਂ ਲਾਗੂ ਕਰਦੀ ਹੈ ਤਾਂ ਫੁੱਲ-ਟਾਈਮ ਪ੍ਰੋਗਰਾਮ ਲਈ ਚਾਇਲਡ ਕੇਅਰ ਦਾ ਖਰਚਾ ਪਰਿਵਾਰਾਂ ਨੂੰ ਦਿਨ ਦਾ 10 ਡਾਲਰ ਪਵੇਗਾ, ਪਾਰਟ-ਟਾਈਮ ਲਈ ਦਿਨ ਦਾ ਖਰਚਾ 7 ਡਾਲਰ ਹੋਵੇਗਾ ਅਤੇ ਸਾਲ ਦੀ 40,000 ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਮੁਫਤ ਹੋਵੇਗਾ। ਹਰ ਛੋਟੇ ਬੱਚੇ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਲੀ ਉੱਚ ਪੱਧਰ ਦੀ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਦਾ ਹੱਕ ਹੋਵੇਗਾ। ਇਹ ਚੋਣ ਪਰਿਵਾਰਾਂ ਦੀ ਹੋਵੇਗੀ ਕਿ ਕਿਹੜੀਆਂ ਸੇਵਾਵਾਂ ਉਨ੍ਹਾਂ ਲਈ ਕੰਮ ਕਰਦੀਆਂ ਹਨ।

ਸੂਬੇ ਵਲੋਂ ਕੀਤੀ ਜਾਣ ਵਾਲੀ ਨਵੀਂ ਇਨਵੈਸਟਮੈਂਟ (ਪੂੰਜੀ-ਨਿਵੇਸ਼) ਨਾਲ, ਸਥਾਨਕ ਤੌਰ 'ਤੇ ਚੁਣੇ ਗਏ ਸਕੂਲ ਬੋਰਡ, ਉਨ੍ਹਾਂ ਫੰਡਾਂ ਨਾਲ ਆਪਣੇ ਇਲਾਕਿਆਂ ਵਿਚ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਪ੍ਰੋਗਰਾਮ ਦੇਣਗੇ ਜਿਨ੍ਹਾਂ ਦੀ ਉਨ੍ਹਾਂ ਨੂੰ ਉੱਚ ਪੱਧਰ ਦੇ ਪ੍ਰੋਗਰਾਮ ਦੇਣ ਲਈ ਲੋੜ ਹੈ। ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਨੂੰ ਉਹ ਆਦਰ ਅਤੇ ਤਨਖਾਹ ਮਿਲੇਗੀ ਜਿਸ ਦੇ ਉਹ ਹੱਕਦਾਰ ਹਨ। www.ecebc.ca/news/integrated_project.html 'ਤੇ ਪਲੈਨ ਬਾਰੇ ਜ਼ਿਆਦਾ ਜਾਣੋ।

ਬੀ ਸੀ ਦੇ ਮਾਪਿਆਂ ਲਈ ਤੱਥ ਸ਼ੀਟ (ਫੈਕਟ ਸ਼ੀਟ ਫਾਰ ਬੀ ਸੀ ਪੇਰੈਂਟਸ) ਤੱਥ ਸ਼ੀਟਾਂ ਦੀ ਇਕ ਲੜੀ ਵਿੱਚੋਂ ਪਹਿਲੀ ਹੈ ਜਿਹੜੀ ਪਲੈਨ ਬਾਰੇ ਢੁਕਵੀਂ ਜਾਣਕਾਰੀ ਦਿੰਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਪਰਿਵਾਰਾਂ ਲਈ ਪਲੈਨ ਦਾ ਕੀ ਅਰਥ ਹੈ।

## 'ਤੁਹਾਡੇ 'ਚਾਇਲਡ ਕੇਅਰ ਦੇ ਸੰਕਟ' ਦਾ ਹੱਲ ਕਰਨਾ

ਜੇ ਤੁਸੀਂ ਬੀ ਸੀ ਦੇ ਕੰਮ ਕਰਨ ਵਾਲੇ ਮਾਪੇ ਹੋ ਅਤੇ ਤੁਹਾਡੇ ਕੋਲ ਛੋਟਾ ਬੱਚਾ ਹੈ — ਤਾਂ ਸੰਭਾਵਨਾ ਹੈ ਕਿ ਤੁਹਾਡੇ ਲਈ ਸ਼ਾਇਦ ਵਾਰਾ ਖਾਣ ਯੋਗ, ਉੱਚ ਪੱਧਰ ਦੀ ਚਾਇਲਡ ਕੇਅਰ ਲੱਭਣਾ ਔਖਾ ਹੋਵੇਗਾ। ਅਤੇ ਜੇ ਤੁਸੀਂ ਬੱਚੇ ਦੀ ਸੰਭਾਲ ਲਈ ਅਜਿਹੇ ਪ੍ਰਬੰਧ ਲੱਭ ਲਏ ਹੋਣ ਜਿਹੜੇ ਤੁਹਾਡੇ ਲਈ ਠੀਕ ਹੋਣ — ਤਾਂ ਸੰਭਾਵਨਾ ਹੈ ਕਿ ਤੁਸੀਂ ਆਪਣੇ ਆਪ ਨੂੰ 'ਕਿਸਮਤ ਵਾਲੇ' ਮਹਿਸੂਸ ਕਰ ਰਹੇ ਹੋਵੋਗੇ ਭਾਵੇਂ ਕਿ ਤੁਹਾਨੂੰ ਸੰਭਾਲ ਦੇ ਬਹੁਤ ਜ਼ਿਆਦਾ ਖਰਚਿਆਂ ਦਾ ਪਤਾ ਹੈ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਬੀ ਸੀ ਦੇ ਛੋਟੇ ਬੱਚਿਆਂ ਵਾਲੇ ਬਹੁਤੇ ਪਰਿਵਾਰਾਂ ਨੂੰ ਚਾਇਲਡ ਕੇਅਰ ਸੰਕਟ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਕੀ ਤੁਹਾਨੂੰ ਪਤਾ ਸੀ ਕਿ:

- ਉੱਚ ਪੱਧਰ ਦੀ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਪ੍ਰੋਗਰਾਮਾਂ ਵਿਚ ਕੈਨੇਡਾ ਵਿਕਸਤ ਦੇਸ਼ਾਂ ਵਿਚ ਸਭ ਤੋਂ ਪਿੱਛੇ ਹੈ?
- ਬੀ ਸੀ ਕੋਲ ਲਾਇਸੰਸਸ਼ੁਦਾ ਚਾਇਲਡ ਕੇਅਰ ਦੀਆਂ ਸੀਟਾਂ ਸਿਰਫ 20 ਫੀ ਸਦੀ ਬੱਚਿਆਂ ਲਈ ਹੀ ਹਨ।
- ਫੀਸਾਂ ਜ਼ਿਆਦਾ ਹਨ ਕਿਉਂਕਿ — ਲਾਇਬਰੇਰੀਆਂ, ਪਾਰਕਾਂ ਅਤੇ ਸਕੂਲਾਂ ਦੇ ਉਲਟ ਜਿਨ੍ਹਾਂ ਨੂੰ ਆਪਣੇ ਬਹੁਤੇ ਖਰਚੇ ਕਵਰ ਕਰਨ ਲਈ ਸਰਕਾਰੀ ਫੰਡ ਮਿਲਦੇ ਹਨ — ਚਾਇਲਡ ਕੇਅਰ ਮੁੱਖ ਤੌਰ 'ਤੇ ਯੂਜ਼ਰ ਫੀ ਸਰਵਿਸ (ਫੀਸ ਦੇ ਕੇ ਸਰਵਿਸ ਲੈਣਾ) ਹੈ।
- ਮਾਪਿਆਂ ਵਲੋਂ ਦਿੱਤੀਆਂ ਜਾਂਦੀਆਂ ਵੱਡੀਆਂ ਫੀਸਾਂ ਵੀ, ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਨੂੰ ਗੁਜ਼ਾਰੇ ਜੋਗੀ ਤਨਖਾਹ ਦੇਣ ਲਈ ਕਾਫੀ ਨਹੀਂ ਹਨ, ਇਸ ਕਰਕੇ ਬਹੁਤਿਆਂ ਨੂੰ ਆਪਣੇ ਪਰਿਵਾਰ ਪਾਲਣ ਲਈ ਹੋਰ ਕੰਮ ਲੱਭਣੇ ਪੈਂਦੇ ਹਨ।

ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਤੁਹਾਡੇ ਅਤੇ ਬੀ ਸੀ ਦੇ ਹੋਰ ਪਰਿਵਾਰਾਂ ਲਈ ਚਾਇਲਡ ਕੇਅਰ ਦੇ ਸੰਕਟ ਨੂੰ ਹੱਲ ਕਰਨਾ ਔਖਾ ਹੈ।

ਕਮਿਊਨਟੀ ਪਲੈਨ, ਬੀ ਸੀ ਵਿਚ ਚਾਇਲਡ ਕੇਅਰ ਦੇ ਮੌਜੂਦਾ ਸੰਕਟ ਦਾ ਹੱਲ ਹੈ। ਇਹ ਇਕ ਅਜਿਹਾ ਹੱਲ ਪੇਸ਼ ਕਰਦੀ ਹੈ ਜਿਹੜਾ ਉੱਚ ਪੱਧਰ ਦੀ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਪ੍ਰੋਗਰਾਮਾਂ ਤੱਕ ਬੀ ਸੀ ਦੇ ਬੱਚਿਆਂ ਅਤੇ ਪਰਿਵਾਰਾਂ ਦੇ ਹੱਕ ਦਾ ਸਤਿਕਾਰ ਕਰਦੀ ਹੈ, ਜਦੋਂ ਵੀ ਅਤੇ ਜਿੱਥੇ ਵੀ ਉਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੋਵੇ।

**ਕਮਿਊਨਟੀ ਪਲੈਨ, ਬੀ ਸੀ ਵਿਚ ਚਾਇਲਡ ਕੇਅਰ ਦੇ ਸੰਕਟ ਦਾ ਹੱਲ ਹੈ।**



ਜੇ ਸਾਡੀ ਪਲੈਨ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਤੁਸੀਂ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਉਹ ਪ੍ਰੋਗਰਾਮ ਲੈਣ ਦੇ ਯੋਗ ਹੋਵੋਗੇ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ ਅਤੇ ਅਜਿਹਾ ਵੱਡੀਆਂ ਫੀਸਾਂ, ਉਡੀਕ ਕਰਨ ਦੇ ਲੰਮੇ ਸਮਿਆਂ ਜਾਂ ਅਨਾੜੀ ਸਟਾਫ ਬਾਰੇ ਫਿਕਰ ਕੀਤੇ ਬਿਨਾਂ ਹੋਵੇਗਾ।





## ਪਲੈਨ ਤੁਹਾਡੀਆਂ ਲੋੜਾਂ ਨੂੰ ਪਹਿਲ ਦਿੰਦੀ ਹੈ

ਅੱਜ, ਬੀ ਸੀ ਵਿਚ ਬੱਚਿਆਂ ਦੀ ਸੰਭਾਲ ਕਰਨ ਵਾਲੇ ਰੋਜ਼ਮਰਾ ਦੇ ਆਧਾਰ ’ਤੇ 95,000 ਤੋਂ ਵੀ ਜ਼ਿਆਦਾ ਬੱਚਿਆਂ ਦੇ ਪਰਿਵਾਰਾਂ ਨੂੰ ਮਿਲਦੇ ਹਨ। ਇਹ ਚਾਇਲਡ ਕੇਅਰ ਨੂੰ ਪਰਿਵਾਰ ਦੀ ਮਦਦ ਵਾਲੀ ਸਭ ਤੋਂ ਮੋਹਰਲੀ ਸਰਵਿਸ ਬਣਾਉਂਦੀ ਹੈ। ਫਿਰ ਵੀ, ਇਹ ਸਰਕਾਰ ਵਲੋਂ ਸਭ ਤੋਂ ਘੱਟ ਮਦਦ ਵਾਲੀਆਂ ਸੇਵਾਵਾਂ ਵਿੱਚੋਂ ਇਕ ਰਹਿੰਦੀ ਹੈ।

ਕਮਿਉਨਟੀ ਪਲੈਨ ਵਿਚ ਤਜਵੀਜ਼ ਕੀਤੇ ਗਏ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਨਵੇਂ ਸਿਸਟਮ ਦਾ ਮੁੱਖ ਟੀਚਾ ਇਹ ਪੱਕਾ ਕਰਨਾ ਹੈ ਕਿ ਇਹ ਸਰਵਿਸ ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਕੰਮ ਕਰਦੀ ਹੈ।

ਇਸ ਕਰਕੇ ਹੀ ਤਜਵੀਜ਼ਸ਼ੁਦਾ ਪਲੈਨ ਦਾ ਹਰ ਹਿੱਸਾ — ਬੱਚੇ ਦੇ ਪਾਲਣ-ਪੋਸਣ ਲਈ ਵਾਧੂ ਛੁੱਟੀ ਤੋਂ ਲੈ ਕੇ ਪਰਿਵਾਰਾਂ ਲਈ ਮਜ਼ਬੂਤ ਪਾਲਸੀਆਂ, ਕਾਨੂੰਨ ਬਣਾਉਣ ਅਤੇ ਢੁਕਵੇਂ ਫੰਡਾਂ ਤੱਕ — ਤੁਹਾਡੇ ਇਲਾਕੇ ਵਿਚ ਅਗੇਤੀ ਸੰਭਾਲ ਅਤੇ ਸਿੱਖਿਆ ਦੀਆਂ ਉੱਚ ਪੱਧਰ ਦੀਆਂ, ਵਾਰਾ ਖਾਣ ਯੋਗ, ਵਿਸ਼ਾਲ ਸੇਵਾਵਾਂ ਦੇਣ ਲਈ ਡੀਜ਼ਾਈਨ ਕੀਤਾ ਗਿਆ ਹੈ।

ਜੇ ਸਾਡੀ ਪਲੈਨ ਵਿਚ ਤਜਵੀਜ਼ ਕੀਤੇ ਗਏ ਸਿਸਟਮ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਤੁਸੀਂ ਅਤੇ ਬੀ ਸੀ ਦੇ ਸਾਰੇ ਪਰਿਵਾਰ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਉਹ ਪ੍ਰੋਗਰਾਮ ਲੈਣ ਦੇ ਯੋਗ ਹੋਵੋਗੇ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ ਅਤੇ ਅਜਿਹਾ ਵੱਡੀਆਂ ਫੀਸਾਂ, ਉਡੀਕ ਕਰਨ ਦੇ ਲੰਮੇ ਸਮਿਆਂ, ਅਨਾੜੀ ਸਟਾਫ ਜਾਂ ਇਸ ਨੂੰ ਸੰਭਵ ਬਣਾਉਣ ਵਾਲੇ ਬੁਨਿਆਦੀ ਢਾਂਚੇ ਬਾਰੇ ਫਿਕਰ ਕੀਤੇ ਬਿਨਾਂ ਹੋਵੇਗਾ।

## ਪਲੈਨ ਮਹੱਤਵਪੂਰਨ ਹਾਂਪੱਖੀ ਤਬਦੀਲੀਆਂ ਦੀ ਮੰਗ ਕਰਦੀ ਹੈ

ਤਜਵੀਜ਼ਸ਼ੁਦਾ ਨਵੇਂ ਸਿਸਟਮ ਦੀਆਂ ਕੁਝ ਵਿਸ਼ੇਸ਼ਤਾਵਾਂ ਵਿਚ ਇਹ ਸ਼ਾਮਲ ਹਨ:

- **ਮਾਪਿਆਂ ਲਈ ਵਾਰਾ ਖਾਣ ਯੋਗ ਫੀਸ:** ਪਲੈਨ ਇਕ ਨਵੀਂ ਸਰਕਾਰੀ ਇਨਵੈਸਟਮੈਂਟ ਦੀ ਤਜਵੀਜ਼ ਦਿੰਦੀ ਹੈ ਜਿਹੜੀ ਫੁੱਲ-ਟਾਈਮ ਪ੍ਰੋਗਰਾਮ ਲਈ ਤੁਹਾਡੀ ਫੀਸ ਦਿਨ ਦੀ 10 ਡਾਲਰ ਕਰ ਦੇਵੇਗੀ ਅਤੇ ਪਾਰਟ-ਟਾਈਮ ਪ੍ਰੋਗਰਾਮ ਲਈ ਦਿਨ ਦੀ 7 ਡਾਲਰ ਕਰ ਦੇਵੇਗੀ। ਸਾਲ ਦੀ 40,000 ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਇਹ ਪ੍ਰੋਗਰਾਮ ਮੁਫਤ ਹੋਣਗੇ। ਅਤੇ, ਇਸ ਵਧੇ ਹੋਏ ਸਰਕਾਰੀ ਫੰਡਾਂ ਨਾਲ — ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਅਤੇ ਬੱਚਿਆਂ ਦੀ ਸੰਭਾਲ ਕਰਨ ਵਾਲਿਆਂ ਦੇ ਪੜ੍ਹਾਈ ਦੇ ਪੱਧਰ ਅਤੇ ਤਨਖਾਹਾਂ ਵਧ ਜਾਣਗੇ।

- **ਹਿੱਸਾ ਲੈਣ ਦਾ ਹੱਕ:** ਤਜਵੀਜ਼ਸ਼ੁਦਾ ਨਵੇਂ ਅਰਲੀ ਕੇਅਰ ਐਂਡ ਲਰਨਿੰਗ ਐਕਟ ਅਧੀਨ, ਬੀ ਸੀ ਦੇ 5 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਨੂੰ ਉੱਚ ਪੱਧਰ ਦੀ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਹੱਕ ਹੋਵੇਗਾ। 6 ਤੋਂ 12 ਸਾਲ ਦੀ ਉਮਰ ਦੇ ਹਰ ਬੱਚੇ ਨੂੰ ਸਕੂਲ ਤੋਂ ਪਹਿਲਾਂ ਅਤੇ ਸਕੂਲ ਤੋਂ ਬਾਅਦ ਵਿਚ ਸੰਭਾਲ ਦੇ ਉੱਚ ਪੱਧਰ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਹੱਕ ਹੋਵੇਗਾ। ਵਾਧੂ ਮਦਦ ਦੀ ਲੋੜ ਵਾਲੇ ਬੱਚਿਆਂ ਨੂੰ ਪੂਰੀ ਤਰ੍ਹਾਂ ਸ਼ਾਮਲ ਕੀਤਾ ਜਾਵੇਗਾ ਅਤੇ ਇਸੇ ਤਰ੍ਹਾਂ ਆਰਥਿਕ, ਸਮਾਜਿਕ ਜਾਂ ਹੋਰ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਬੱਚਿਆਂ ਨੂੰ ਵੀ। ਤੁਹਾਨੂੰ ਅਤੇ ਤੁਹਾਡੀ ਕਮਿਉਨਟੀ ਵਿਚਲੇ ਹੋਰ ਮਾਪਿਆਂ ਨੂੰ ਉਨ੍ਹਾਂ ਪ੍ਰੋਗਰਾਮਾਂ ਵਿਚ ਸਰਗਰਮ ਹਿੱਸਾ ਲੈਣ ਦਾ ਹੱਕ ਹੋਵੇਗਾ ਜਿਨ੍ਹਾਂ ਪ੍ਰੋਗਰਾਮਾਂ ਦੀ ਤੁਸੀਂ ਆਪਣੇ ਬੱਚਿਆਂ ਲਈ ਚੋਣ ਕਰਦੇ ਹੋ।

- **ਵਿਦਿਆ ਮਹਿਕਮੇ ਵਿਚ ਇਕ ਨਵਾਂ ਘਰ:** ਪਲੈਨ ਤਜਵੀਜ਼ ਕਰਦੀ ਹੈ ਕਿ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਸਾਰੇ ਪ੍ਰੋਗਰਾਮ ਵਿਦਿਆ ਮਹਿਕਮੇ (ਮਨਿਸਟਰੀ ਆਫ ਐਜੂਕੇਸ਼ਨ) ਦੀ ਜ਼ਿੰਮੇਵਾਰੀ ਹੋਣਗੇ। ਇਸ ਦਾ ਮਤਲਬ ਇਹ ਨਹੀਂ ਹੈ ਕਿ ਬੱਚੇ 5 ਸਾਲ ਦੀ ਉਮਰ ਤੋਂ ਪਹਿਲਾਂ ਸਕੂਲ ਜਾਣਾ ਸ਼ੁਰੂ ਕਰ ਦੇਣਗੇ। ਸਗੋਂ ਪਲੈਨ, ਸਰਕਾਰੀ ਫੰਡਾਂ ਨਾਲ ਚੱਲਣ ਵਾਲੇ, ਉੱਚ ਪੱਧਰ ਦੇ, ਹਰ ਇਕ ਲਈ ਪਹੁੰਚਯੋਗ ਪ੍ਰੋਗਰਾਮਾਂ ਦੀ ਤਜਵੀਜ਼ ਦਿੰਦੀ ਹੈ ਜਿਹੜੇ ਪਰਿਵਾਰਾਂ ਅਤੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਦੀ ਉਮਰ ਦੇ ਛੋਟੇ ਬੱਚਿਆਂ ਦੀਆਂ ਖਾਸ ਲੋੜਾਂ ਪੂਰੀਆਂ ਕਰਨ ਲਈ ਤਿਆਰ ਕੀਤੇ ਗਏ ਹਨ।

- **ਅਰਲੀ ਯੀਅਰਜ਼ ਸੈਂਟਰ ਨੈੱਟਵਰਕਸ:** ਪਲੈਨ ਉਨ੍ਹਾਂ ਪ੍ਰੋਗਰਾਮਾਂ ਲਈ ਇਕ ਨਵੇਂ ਨਾਂ ਦੀ ਤਜਵੀਜ਼ ਦਿੰਦੀ ਹੈ — ਅਰਲੀ ਯੀਅਰਜ਼ ਸੈਂਟਰਜ਼ (ਈ ਵਾਈ ਸੀ) — ਜਿਹੜੇ ਕਿੰਡਰਗਾਰਟਨ ਸ਼ੁਰੂ ਕਰਨ ਤੋਂ ਪਹਿਲਾਂ ਵਾਲੇ ਬੱਚਿਆਂ ਲਈ ਫੁੱਲ-ਟਾਈਮ (ਡੇਅਕੇਅਰ) ਅਤੇ ਪਾਰਟ-ਟਾਈਮ (ਪ੍ਰੀਸਕੂਲ) ਪ੍ਰੋਗਰਾਮ ਦਿੰਦੇ ਹਨ। ਈ ਵਾਈ ਸੀ ਸੈਂਟਰ ਵਿਚ ਅਤੇ ਪਰਿਵਾਰਕ ਘਰ ਦੇ ਮਾਹੌਲ ਵਿਚ ਹੋਣਗੇ ਜਿਨ੍ਹਾਂ ਦਾ ਸਟਾਫ ਚੰਗਾ ਪੜ੍ਹਿਆ-ਲਿਖਿਆ ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਦਾ ਹੋਵੇਗਾ। ਉਹ ਖੇਡ-ਆਧਾਰਿਤ ਪ੍ਰੋਗਰਾਮ ਦੇਣਗੇ ਜਿਸ ਨਾਲ ਤੁਹਾਡੇ ਬੱਚੇ ਨੂੰ ਮਜ਼ਬੂਤ ਬੁਨਿਆਦ ਮਿਲੇਗੀ। ਤੁਹਾਡੇ ਇਲਾਕੇ ਵਿਚ ਈ ਵਾਈ ਸੀ ਇਕ ਨੈੱਟਵਰਕ ਦੇ ਤੌਰ ’ਤੇ ਕੰਮ ਕਰਨਗੇ — ਅਤੇ ਤੁਹਾਡੇ ਲਈ ਵੱਖ ਵੱਖ ਚੋਣਾਂ ਪੇਸ਼ ਕਰਨਗੇ।





**ਹੁਣ ਤੱਕ, ਸਾਡੇ ਸੂਬੇ ਨੇ ‘ਸੰਭਾਲ’ ਅਤੇ ‘ਸਿੱਖਿਆ’ ਨਾਲ ਵੱਖਰਾ ਸਲੂਕ ਕੀਤਾ ਹੈ।**

## ‘ਸੰਭਾਲ’ ਤੋਂ ਬਿਨਾਂ... ਕੋਈ ‘ਸਿੱਖਿਆ’ ਨਹੀਂ ਹੈ

ਬੱਚੇ ਖਿਆਲ ਰੱਖਣ ਵਾਲੇ ਸਬੰਧਾਂ ਅਤੇ ਮਦਦ ਕਰਨ ਵਾਲੇ ਮਾਹੌਲ ਵਿਚ ਖੇਡਣ ਰਾਹੀਂ ਸਿੱਖਦੇ ਹਨ। ਉਨ੍ਹਾਂ ਨੂੰ ਹਾਂਪੱਖੀ ਅਤੇ ਪਰਵਰਿਸ਼ ਕਰਨ ਵਾਲੇ ਅਗੇਤੇ ਤਜਰਬਿਆਂ ਦੀ ਲੋੜ ਹੈ ਅਤੇ ਇਹ ਉਨ੍ਹਾਂ ਦਾ ਹੱਕ ਹੈ।

ਬੀ ਸੀ ਦੇ ਪਰਿਵਾਰਾਂ ਨੂੰ ਉੱਚ ਪੱਧਰ ਦੀ, ਵਾਰਾ ਖਾਣ ਯੋਗ ਚਾਇਲਡ ਕੇਅਰ ਦੀ ਲੋੜ ਹੈ ਅਤੇ ਇਹ ਉਨ੍ਹਾਂ ਦਾ ਹੱਕ ਹੈ ਤਾਂ ਜੋ ਉਹ ਕੰਮ ਕਰ ਸਕਣ, ਪੜ੍ਹ ਸਕਣ ਅਤੇ ਕਮਿਉਨਟੀ ਦੀ ਜ਼ਿੰਦਗੀ ਵਿਚ ਹਿੱਸਾ ਲੈ ਸਕਣ।

ਇਸ ਕਰਕੇ, ਅਜਿਹੀ ‘ਸੰਭਾਲ’ ਪੇਸ਼ ਕਰਨ ਦੀ ਤੁੱਕ ਬਣਦੀ ਹੈ ਜਿਸ ਦੀ ਪਰਿਵਾਰਾਂ ਨੂੰ ਉੱਚ ਪੱਧਰ ਦੇ ਅਜਿਹੇ ਪ੍ਰੋਗਰਾਮ ਰਾਹੀਂ ਲੋੜ ਹੈ ਜਿਹੜੇ ਛੋਟੇ ਬੱਚਿਆਂ ਦੀ ਮਦਦ ਕਰਦੇ ਹਨ ਅਤੇ ਉਨ੍ਹਾਂ ਦੇ ਵਿਕਾਸ ਲਈ ਹਾਂਪੱਖੀ ਬੁਨਿਆਦ ਰੱਖਦੇ ਹਨ।

ਪਰ — ਹੁਣ ਤੱਕ — ਸਾਡੇ ਸੂਬੇ ਨੇ ‘ਸੰਭਾਲ’ ਅਤੇ ‘ਸਿੱਖਿਆ’ ਨਾਲ ਵੱਖਰਾ ਸਲੂਕ ਕੀਤਾ ਹੈ।

ਬੱਚਿਆਂ ਦੀ ਸੰਭਾਲ ਨੂੰ ਨਿੱਜੀ ਜ਼ਿੰਮੇਵਾਰੀ ਦੇ ਤੌਰ ’ਤੇ ਦੇਖਿਆ ਗਿਆ ਹੈ। ਅਤੇ, ਲਾਇਸੰਸਸ਼ੁਦਾ ਥਾਂਵਾਂ ਦੀ ਘਾਟ ਕਾਰਨ, ਬਹੁਤੇ ਪਰਿਵਾਰਾਂ ਕੋਲ ਅਨਿਯਮਿਤ (ਅਨਰੈਗੂਲੇਟਿਡ) ਸੰਭਾਲ ਦੀ ਵਰਤੋਂ ਕਰਨ ਤੋਂ ਬਿਨਾਂ ਕੋਈ ਚੋਣ ਨਹੀਂ ਹੈ।

ਫਿਰ ਵੀ, ਸਰਕਾਰੀ ਫੰਡ ‘ਅਗੇਤੀ ਸਿੱਖਿਆ’ ਦੇ ਪ੍ਰੋਗਰਾਮਾਂ ਨੂੰ ਉਤਸ਼ਾਹ ਦਿੰਦੇ ਹਨ, ਜਿਵੇਂ ਕਿ ਸਟਰੌਂਗਸਟਾਰਟ ਜੋ ਕਿ ਸਕੂਲ ਬੋਰਡਾਂ ਵਲੋਂ ਦਿੱਤਾ ਜਾਂਦਾ ਹੈ। ਇਹ ਉਨ੍ਹਾਂ ਪਰਿਵਾਰਾਂ ਲਈ ਮੁਫਤ ਹਨ ਜਿਹੜੇ ਇਨ੍ਹਾਂ ਵਿਚ ਆਪਣੇ ਬੱਚਿਆਂ ਨਾਲ ਹਿੱਸਾ ਲੈਣ ਦੇ ਯੋਗ ਹਨ ਅਤੇ ਇਨ੍ਹਾਂ ਵਿਚ ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਦਾ ਸਟਾਫ ਹੈ। ਸਮੱਸਿਆ ਇਹ ਹੈ ਕਿ ‘ਅਗੇਤੀ ਸਿੱਖਿਆ’ ਦੇ ਇਹ ਪਾਰਟ-ਟਾਈਮ ਪ੍ਰੋਗਰਾਮ, ਪਰਿਵਾਰਾਂ ਦੀਆਂ ਲੋੜਾਂ ਬਹੁਤ ਘੱਟ ਪੂਰੀਆਂ ਕਰਦੇ ਹਨ ਜਦੋਂ ਬਾਲਗ ਕੰਮਾਂ ’ਤੇ ਹੁੰਦੇ ਹਨ।

## ਇਸ ਕਰਕੇ ਹੀ ਸਾਡੀ ਪਲੈਨ ‘ਸੰਭਾਲ’ ਅਤੇ ‘ਸਿਖਿਆ’ ਨੂੰ ਇਕ ਬਹੁਤ ਵਧੀਆ ਸਰਵਿਸ ਵਿਚ ਇਕੱਠਾ ਕਰਦੀ ਹੈ

ਇਹ ਕਰਨ ਲਈ, ਪਲੈਨ, ਉੱਚ ਪੱਧਰ ਦੀ, ਕਮਿਉਨਟੀ-ਆਧਾਰਿਤ ਚਾਇਲਡ ਕੇਅਰ ਦੀਆਂ ਮਜ਼ਬੂਤੀਆਂ ਅਤੇ ਪੜ੍ਹਾਈ ਦੇ ਸਰਕਾਰੀ ਸਿਸਟਮ ਦੀਆਂ ਮਜ਼ਬੂਤੀਆਂ ਉੱਪਰ ਉਸਰਦੀ ਹੈ।

**ਉੱਚ ਪੱਧਰ ਦੀ ਚਾਇਲਡ ਕੇਅਰ** ਤੋਂ ਤਜਵੀਜ਼ਸ਼ੁਦਾ ਅਗੇਤੀ ਸੰਭਾਲ ਅਤੇ ਸਿੱਖਿਆ ਦਾ ਨਵਾਂ ਸਿਸਟਮ ਲੈਂਦਾ ਹੈ:

- ਉਹ ਪ੍ਰੋਗਰਾਮ ਜਿਹੜੇ ਖੇਡ-ਆਧਾਰਿਤ ਹਨ ਅਤੇ ਸੰਭਾਲ ਨੂੰ ਮੁੱਖ ਰੱਖਦੇ ਹਨ;
- ਹਰ ਬੱਚੇ ਅਤੇ ਉਸ ਦੇ ਵਿਕਾਸ ਦੇ ਵਿਲੱਖਣ ਸਫਰ ਲਈ ਆਦਰ;
- ਭਿੰਨ ਭਿੰਨ ਪਹੁੰਚਾਂ ਜਿਹੜੀਆਂ ਪਰਿਵਾਰਾਂ ਨੂੰ ਆਪਣੀਆਂ ਕਦਰਾਂ-ਕੀਮਤਾਂ ਅਤੇ ਸਭਿਆਚਾਰ ਦੇ ਮੁਤਾਬਕ ‘ਢੁਕਵਾਂ’ ਪ੍ਰੋਗਰਾਮ ਲੱਭਣ ਦੇ ਯੋਗ ਬਣਾਉਂਦੀਆਂ ਹਨ — ਜਿਸ ਵਿਚ ਰੈਗੀਓ ਇਮੀਲੀਆ, ਪੇਰੈਂਟ ਪਾਰਟੀਸ਼ੀਪੇਸ਼ਨ, ਮੌਂਟੇਸੋਰੀ ਅਤੇ ਹੋਰ ਪ੍ਰੋਗਰਾਮ ਸ਼ਾਮਲ ਹਨ;
- ਪਰਿਵਾਰਾਂ ਅਤੇ ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਵਿਚਕਾਰ ਮਜ਼ਬੂਤ ਭਾਈਵਾਲੀ; ਅਤੇ
- ਛੋਟੇ ਬੱਚਿਆਂ ਲਈ ਬਣਾਇਆ ਗਿਆ ਛੋਟਾ, ਗੁਆਂਢ ਆਧਾਰਿਤ ਮਾਹੌਲ।

**ਸਰਕਾਰੀ ਪੜ੍ਹਾਈ ਤੋਂ** ਤਜਵੀਜ਼ਸ਼ੁਦਾ ਅਗੇਤੀ ਸੰਭਾਲ ਅਤੇ ਸਿੱਖਿਆ ਦਾ ਨਵਾਂ ਸਿਸਟਮ ਲੈਂਦਾ ਹੈ:

- ਹਰ ਬੱਚੇ ਦਾ ਹਿੱਸਾ ਲੈਣ ਦਾ ਹੱਕ;
- ਸਰਕਾਰੀ ਫੰਡ;
- ਲੋਕਤੰਤਰੀ ਕੰਟਰੋਲ; ਅਤੇ
- ਚੰਗਾ ਪੜ੍ਹਿਆ, ਆਦਰ ਵਾਲਾ ਅਤੇ ਵਾਜਬ ਤਨਖਾਹਾਂ ਵਾਲਾ ਸਟਾਫ।

**ਪਲੈਨ, ਉੱਚ ਪੱਧਰ ਦੀ, ਕਮਿਉਨਟੀ-ਆਧਾਰਿਤ ਚਾਇਲਡ ਕੇਅਰ ਦੀਆਂ ਮਜ਼ਬੂਤੀਆਂ ਅਤੇ ਪੜ੍ਹਾਈ ਦੇ ਸਰਕਾਰੀ ਸਿਸਟਮ ਦੀਆਂ ਮਜ਼ਬੂਤੀਆਂ ਉੱਪਰ ਉਸਰਦੀ ਹੈ।**



ਜੇ ਤੁਹਾਡੇ ਬੱਚੇ ਕਿੰਡਰਗਾਰਟਨ ਜਾਂ ਗਰੇਡ 1 ਵਿਚ ਜਾਂਦੇ ਹਨ ਜਿਨ੍ਹਾਂ ਨੂੰ ਸਕੂਲ ਤੋਂ ਪਹਿਲਾਂ ਅਤੇ ਸਕੂਲ ਤੋਂ ਬਾਅਦ ਸੰਭਾਲ ਦੀ ਲੋੜ ਹੈ ਤਾਂ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਦੀ ਪੜ੍ਹਾਈ ਅਤੇ ਸੰਭਾਲ ਇੱਕੋ ਥਾਂ 'ਤੇ ਹੋਵੇਗੀ।

ਭਾਵੇਂ ਕਿ ਇਹ ਪਲੈਨ ਬੀ ਸੀ ਭਰ ਦੇ ਗਰੁੱਪਾਂ ਅਤੇ ਲੋਕਾਂ ਵਿਚ ਬਹੁਤ ਸਾਰੀ ਦਿਲਚਸਪੀ, ਤਾਕਤ ਅਤੇ ਮਦਦ ਪੈਦਾ ਕਰ ਰਹੀ ਹੈ, ਪਰ ਇਸ ਨੂੰ ਅਜੇ ਸੂਬਾਈ ਸਰਕਾਰ ਵਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ।

## ਇਨ੍ਹਾਂ ਤਬਦੀਲੀਆਂ ਦਾ ਤੁਹਾਡੇ ਲਈ ਕੀ ਅਰਥ ਹੋਵੇਗਾ?

ਇਹ ਤੁਹਾਡੀ ਹਾਲਤ 'ਤੇ ਨਿਰਭਰ ਕਰਦਾ ਹੈ। ਜੇ ਤੁਸੀਂ ਪਹਿਲਾਂ ਹੀ ਲਾਇਸੰਸਸ਼ੁਦਾ ਗਰੁੱਪ ਜਾਂ ਫੈਮਿਲੀ ਚਾਇਲਡ ਕੇਅਰ ਦੀ ਵਰਤੋਂ ਕਰ ਰਹੇ ਹੋ ਅਤੇ ਤੁਹਾਨੂੰ ਸਰਵਿਸ ਦੇਣ ਵਾਲਾ ਨਵੇਂ ਸਿਸਟਮ ਵਿਚ ਆ ਜਾਂਦਾ ਹੈ ਤਾਂ ਤੁਹਾਡੇ ਮੌਜੂਦਾ ਪ੍ਰਬੰਧ ਜਾਰੀ ਰਹਿਣਗੇ। ਤੁਹਾਡੀਆਂ ਫੀਸਾਂ ਘਟ ਜਾਣਗੀਆਂ ਅਤੇ ਸੰਭਾਲ ਕਰਨ ਵਾਲਿਆਂ ਦੀ ਪੜ੍ਹਾਈ ਅਤੇ ਤਨਖਾਹਾਂ ਵਿਚ ਵਾਧਾ ਹੋਵੇਗਾ।

- ਜੇ ਤੁਸੀਂ ਬੀ ਸੀ ਦੇ ਉਨ੍ਹਾਂ ਬਹੁਤ ਸਾਰੇ ਪਰਿਵਾਰਾਂ ਵਿੱਚੋਂ ਇਕ ਹੋ ਜਿਹੜੇ ਉੱਚ ਪੱਧਰ ਦੀ, ਵਾਰਾ ਖਾਣ ਯੋਗ ਚਾਇਲਡ ਕੇਅਰ ਨਹੀਂ ਲੱਭ ਸਕਦੇ ਤਾਂ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੋਵੇਗਾ ਕਿ ਸਮੇਂ ਨਾਲ ਤੁਸੀਂ ਉੱਚ ਪੱਧਰ ਦੀਆਂ, ਵਾਰਾ ਖਾਣ ਯੋਗ ਚੋਣਾਂ ਕਰਨ ਦੇ ਯੋਗ ਹੋਵੋਗੇ।
- ਜੇ ਤੁਹਾਡੇ ਬੱਚੇ ਕਿੰਡਰਗਾਰਟਨ ਜਾਂ ਗਰੇਡ 1 ਵਿਚ ਜਾਂਦੇ ਹਨ ਜਿਨ੍ਹਾਂ ਨੂੰ ਸਕੂਲ ਤੋਂ ਪਹਿਲਾਂ ਅਤੇ ਸਕੂਲ ਤੋਂ ਬਾਅਦ ਸੰਭਾਲ ਦੀ ਲੋੜ ਹੈ ਤਾਂ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਦੀ ਪੜ੍ਹਾਈ ਅਤੇ ਸੰਭਾਲ ਇੱਕੋ ਥਾਂ 'ਤੇ ਹੋਵੇਗੀ। ਤੁਹਾਡਾ ਬੱਚਾ ਟੀਚਰ ਨਾਲ ਅਤੇ ਅਗੇਤੇ ਬਚਪਨ ਵਿਚ ਸਿੱਖਿਆ ਦੇਣ ਵਾਲਿਆਂ ਨਾਲ ਪੱਕਾ ਅਤੇ ਮਜ਼ਬੂਤ ਸਬੰਧ ਬਣਾਉਣ ਦੇ ਯੋਗ ਹੋਵੇਗਾ ਜੋ ਕਿ ਰਲ ਕੇ ਖੇਡ-ਆਧਾਰਿਤ ਪ੍ਰੋਗਰਾਮ ਦੇਣਗੇ ਜਿਹੜਾ ਪੜ੍ਹਾਈ ਵਿਚ ਮਦਦ ਕਰੇਗਾ।
- ਜੇ ਤੁਹਾਡਾ ਬੱਚਾ ਵੱਡਾ ਹੈ (ਗਰੇਡ 2 ਅਤੇ ਉੱਪਰ) ਤਾਂ ਤੁਹਾਨੂੰ ਇਹ ਭਰੋਸਾ ਦਿਵਾਇਆ ਜਾਵੇਗਾ ਕਿ ਸਕੂਲ ਉਮਰ ਦਾ ਪ੍ਰੋਗਰਾਮ ਤੁਹਾਡੇ ਲੋਕਲ ਸਕੂਲ ਵਿਚ ਜਾਂ ਸਕੂਲ ਦੇ ਨੇੜੇ ਦਿੱਤਾ ਜਾਵੇਗਾ।

## ਚੋਣ ਤੁਸੀਂ ਕਰੋਗੇ

ਤਜਵੀਜ਼ਸ਼ੁਦਾ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਨਵੇਂ ਸਿਸਟਮ ਅਤੇ 'ਸਕੂਲ' ਵਿਚਕਾਰ ਜਿਹੜੇ ਮੁੱਖ ਫਰਕ ਹੋਣਗੇ, ਉਨ੍ਹਾਂ ਵਿੱਚੋਂ ਇਕ ਇਹ ਹੈ ਕਿ ਅਰਲੀ ਯੀਅਰਜ਼ ਸੈਂਟਰ ਪ੍ਰੋਗਰਾਮ ਵਿਚ ਹਿੱਸਾ ਲੈਣਾ ਬਿਲਕੁਲ ਤੁਹਾਡੀ ਮਰਜ਼ੀ 'ਤੇ ਨਿਰਭਰ ਕਰੇਗਾ।

ਇਹ ਫੈਸਲਾ ਤੁਸੀਂ ਕਰੋਗੇ ਕਿ ਕੀ ਤੁਹਾਡਾ ਬੱਚਾ ਅਗੇਤੀ ਸੰਭਾਲ ਅਤੇ ਸਿੱਖਿਆ ਦੇ ਪ੍ਰੋਗਰਾਮ ਵਿਚ ਹਾਜ਼ਰ ਹੋਵੇਗਾ ਜਾਂ ਨਹੀਂ। ਅਤੇ, ਜੇ ਤੁਸੀਂ ਆਪਣੇ ਬੱਚੇ ਨੂੰ ਦਾਖਲ ਕਰਾਉਣ ਦਾ ਫੈਸਲਾ ਕਰਦੇ ਹੋ ਤਾਂ ਇਹ ਫੈਸਲਾ ਤੁਹਾਡਾ ਹੋਵੇਗਾ ਕਿ ਉਹ ਕਦੋਂ ਸ਼ੁਰੂ ਕਰੇਗਾ, ਕੀ ਉਹ ਫੁੱਲ ਟਾਈਮ ਜਾਂ ਪਾਰਟ-ਟਾਈਮ ਪ੍ਰੋਗਰਾਮ ਵਿਚ ਜਾਵੇਗਾ, ਅਤੇ ਕੀ ਪ੍ਰੋਗਰਾਮ ਇਕ ਗਰੁੱਪ ਵਿਚ ਹੋਵੇਗਾ ਜਾਂ ਫੈਮਿਲੀ ਚਾਇਲਡ ਕੇਅਰ ਦੇ ਮਾਹੌਲ ਵਿਚ ਹੋਵੇਗਾ।

## ਇਹ ਕਦੋਂ ਸ਼ੁਰੂ ਹੋਣਾ ਹੈ?

ਅਗੇਤੀ ਸੰਭਾਲ ਅਤੇ ਸਿੱਖਿਆ ਦੇ ਏਕੀਕਰਨ ਲਈ ਕਮਿਉਨਟੀ ਪਲੈਨ ਕਮਿਉਨਟੀ ਦੀਆਂ ਦੋ ਸੰਸਥਾਵਾਂ ਵਲੋਂ ਤਿਆਰ ਕੀਤੀ ਗਈ ਸੀ — ਕੋਲੀਸ਼ਨ ਆਫ ਚਾਇਲਡ ਕੇਅਰ ਐਡਵੋਕੇਟਸ ਆਫ ਬੀ ਸੀ ਅਤੇ ਅਰਲੀ ਚਾਇਲਡਹੁੱਡ ਐਜੂਕੇਟਰਜ਼ ਆਫ ਬੀ ਸੀ ਵਲੋਂ।

ਭਾਵੇਂ ਕਿ ਇਹ ਪਲੈਨ ਬੀ ਸੀ ਭਰ ਦੇ ਗਰੁੱਪਾਂ ਅਤੇ ਲੋਕਾਂ ਵਿਚ ਬਹੁਤ ਸਾਰੀ ਦਿਲਚਸਪੀ, ਤਾਕਤ ਅਤੇ ਮਦਦ ਪੈਦਾ ਕਰ ਰਹੀ ਹੈ, ਪਰ ਇਸ ਨੂੰ ਅਜੇ ਸੂਬਾਈ ਸਰਕਾਰ ਵਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ।

ਜੇ ਤੁਹਾਨੂੰ ਲੱਗਦਾ ਹੈ ਕਿ ਇਹ ਪਲੈਨ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕੰਮ ਕਰੇਗੀ ਤਾਂ ਅਸੀਂ ਤੁਹਾਨੂੰ ਇਹ ਕਰਨ ਲਈ ਉਤਸ਼ਾਹ ਦਿੰਦੇ ਹਾਂ:

- ਇਸ ਦਾ ਔਨਲਾਈਨ www.ecebc.ca/news/integrated_project.html 'ਤੇ ਸਮਰਥਨ ਕਰੋ।
- ਉਨ੍ਹਾਂ ਸੰਸਥਾਵਾਂ ਨੂੰ ਉਤਸ਼ਾਹ ਦਿਉ ਜਿਨ੍ਹਾਂ ਨਾਲ ਤੁਹਾਡਾ ਵਾਸਤਾ ਹੈ — ਜਿਸ ਵਿਚ ਤੁਹਾਡਾ ਡੇਅਕੇਅਰ ਜਾਂ ਪ੍ਰੀ-ਸਕੂਲ ਵੀ ਸ਼ਾਮਲ ਹਨ — ਕਿ ਉਹ ਪਲੈਨ ਦਾ ਸਮਰਥਨ ਕਰਨ; ਅਤੇ
- ਆਪਣੇ ਐੱਮ ਐੱਲ ਏ ਨੂੰ ਦੱਸੋ ਕਿ ਤੁਸੀਂ ਚਾਹੁੰਦੇ ਹੋ ਕਿ ਸਰਕਾਰ ਇਸ ਨੂੰ ਲਾਗੂ ਕਰੇ ਅਤੇ ਇਸ ਨੂੰ ਸ਼ੁਰੂ ਕਰਨ ਲਈ ਪਰਿਵਾਰਾਂ ਅਤੇ ਕਮਿਉਨਟੀਆਂ ਨਾਲ ਕੰਮ ਕਰਨਾ ਸ਼ੁਰੂ ਕਰੇ।